(4)

# 1833 ਦਾ ਚਾਰਟਰ ਐਕਟ

## (Charter Act of 1833)

1773 ਦੇ ਰੈਗੂਲੇਟਿੰਗ ਐਕਟ ਦੇ ਅਨੁਸਾਰ ਲੰਡਨ ਦੀ ਸੰਸਦ ਨੇ ਹਰ ਵੀਹ ਸਾਲ ਬਾਅਦ ਚਾਰਟਰ ਐਕਟ ਪਾਸ ਕੀਤੇ। ਉਨ੍ਹਾਂ ਵੀਹ ਸਾਲਾਂ ਦੇ ਹਾਲਾਤ ਦੇ ਅਨੁਸਾਰ ਸੰਸਦ ਭਾਰਤੀ ਪ੍ਰਸ਼ਾਸਨ ਵਿਚ ਤਬਦੀਲੀਆਂ ਲਿਆਂਦੀ ਰਹਿੰਦੀ ਸੀ। ਸਾਡੇ ਅਧਿਐਨ ਦੇ ਕਾਲ ਦੌਰਾਨ ਇਸ ਤਰ੍ਹਾਂ ਦੇ ਦੋ ਚਾਰਟਰ ਐਕਟ ਪਾਸ ਕੀਤੇ ਗਏ - 1833 ਅਤੇ 1853 ਦਾ। ਇਸ ਸਮੇਂ ਤਕ ਈਸਟ ਇੰਡੀਆ ਕੰਪਨੀ ਲਗਭਗ ਸਮੁੱਚੇ ਭਾਰਤ ਵਿਚ ਆਪਣਾ ਸਾਮਰਾਜ ਸਥਾਪਿਤ ਕਰ ਚੁੱਕੀ ਸੀ। ਇਸਦੇ ਨਾਲ ਹੀ ਇੰਗਲੈਂਡ ਵਿਚ ਉਦਯੋਗਵਾਦ ਦੇ ਵਿਕਾਸ ਅਤੇ ਖੁੱਲ੍ਹੀ ਵਪਾਰ ਧਾਰਾ ਪ੍ਰਚਲਿਤ ਹੋਣ ਕਾਰਨ ਈਸਟ ਇੰਡੀਆ ਕੰਪਨੀ ਦਾ ਏਕਾਧਿਕਾਰ ਦਾ ਵਿਰੋਧ ਸ਼ੁਰੂ ਹੋ ਗਿਆ।

ਉਪਯੋਗਿਤਾਵਾਦ ਦਾ ਵੀ ਇੰਗਲੈਂਡ ਵਿਚ ਬਹੁਤ ਬੋਲ-ਬਾਲਾ ਸੀ। ਉਨ੍ਹਾਂ ਦੇ ਵਿਚਾਰ ਅਨੁਸਾਰ ਈਸਟ ਇੰਡੀਆ ਕੰਪਨੀ ਦੀ ਸਰਕਾਰ ਨੂੰ ਲੋਕਾਂ ਦੀ ਭਲਾਈ ਲਈ ਵਧੇਰੇ ਕੰਮ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਕੰਪਨੀ ਦੇ ਮਾਮਲਿਆਂ ਤੇ ਸੰਸਦ ਦਾ ਪ੍ਰਭਾਵ ਵਧੇਰੇ ਹੋਣਾ ਚਾਹੀਦਾ ਹੈ। ਇਸ ਵਿਚਾਰ ਨੇ ਵੀ ਇਸ ਸਮੇਂ ਦੇ ਚਾਰਟਰ ਐਕਟਾਂ ਤੇ ਪ੍ਰਭਾਵ ਪਾਇਆ। ਇਸ ਤਰ੍ਹਾਂ 1818 ਤੋਂ ਬਾਅਦ ਇਹ ਮਹਿਸੂਸ ਹੋਣ ਲੱਗ ਪਿਆ ਕਿ ਭਾਰਤ ਵਿਚ ਵੀ ਇਹੋ ਜਿਹੇ ਪਰਿਵਰਤਨ ਲਿਆਉਣੇ ਚਾਹੀਦੇ ਹਨ।

### ਕਾਰਨ

ਸਥਾਨਕ ਕਰਾਂ ਦੀ ਪ੍ਰਣਾਲੀ ਇਸ ਤਰ੍ਹਾਂ ਸੀ ਕਿ ਆਰਥਿਕ ਸਾਧਨ
1. ਇਕੱਠੇ ਕਰਨ ਵਿਚ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ।
ਬੰਗਾਲ ਦੀ ਪ੍ਰੈਜ਼ੀਡੈਂਸੀ ਬਹੁਤ ਵੱਡੀ ਹੋ ਚੁੱਕੀ ਸੀ। ਕਲਕੱਤੇ ਤੋਂ ਇਸ
2. ਇਲਾਕੇ ਦੀ ਦੇਖਭਾਲ ਕਰਨੀ ਕਾਫੀ ਮੁਸ਼ਕਲ ਸੀ।
ਵੱਖ-ਵੱਖ ਇਲਾਕਿਆਂ ਦੀ ਭਾਸ਼ਾ ਅਤੇ ਸਭਿਆਚਾਰਕ ਸੰਸਥਾਵਾਂ ਵੱਖ-
3. ਵੱਖ ਸਨ। ਇਸ ਕਰਕੇ ਇਸ ਵੇਲੇ ਸੰਸਦ ਵਿਚ ਇਹ ਅਹਿਸਾਸ ਵਧਣਾ ਸੀ ਕਿ ਭਾਰਤੀ ਸਰਕਾਰ ਨੂੰ ਠੀਕ ਤਰੀਕੇ ਨਾਲ ਸੰਗਠਿਤ ਕੀਤਾ ਜਾਵੇ। ਇਨ੍ਹਾਂ ਕਾਰਨਾਂ ਵਜੋਂ ਹੀ ਲਾਰਡ ਮੈਕਾਲੇ ਦਾ ਕਥਨ ਹੈ ਕਿ 1833 ਦਾ ਚਾਰਟਰ

Scanned with CamScanner

ਐਕਟ ਪਿਟ ਦੇ ਇੰਡੀਆ ਐਕਟ ਤੋਂ ਬਾਅਦ ਅਤੇ ਮਹਾਰਾਣੀ ਦੀ ਘੋਸ਼ਣਾ ਤੋਂ ਪਹਿਲਾਂ ਦੇ ਸਮੇਂ ਦਾ ਸਭ ਤੋਂ ਵੱਡਾ ਤੇ ਮਹੱਤਵਪੂਰਨ ਐਕਟ ਹੈ।

## ਪ੍ਰਮੁੱਖ ਧਾਰਾਵਾਂ

1. 1833 ਦੇ ਚਾਰਟਰ ਐਕਟ ਦੇ ਅਨੁਸਾਰ ਕੰਪਨੀ ਦੇ ਚੀਨ ਵਪਾਰ ਦਾ ਏਕਾਧਿਕਾਰ ਖਤਮ ਕਰ ਦਿੱਤਾ ਗਿਆ।
2. ਇਸਾਈਆਂ ਨੂੰ ਸਾਰੇ ਦੇਸ਼ ਪ੍ਰਤੀਸ਼ਤ ਸੁਨਾਵਾਂ ਭਾਰਤੀ ਮਾਮਲੇ ਵਿਚ ਦੇਣ ਦਾ ਫੈਸਲਾ ਕੀਤਾ ਗਿਆ ਪਰ ਜਿਥੋਂ ਤਕ ਕੰਪਨੀ ਦੇ ਪ੍ਰਸ਼ਾਸਨਿਕ ਨਿਯੰਤਰਣ ਦਾ ਸੰਬੰਧ ਹੈ ਇਹ ਖਤਮ ਨਹੀਂ ਕੀਤਾ ਗਿਆ।
3. ਸੰਸਦ ਨੇ ਰਾਜਨੀਤਿਕ ਕਾਰਣਾਂ ਕਰਕੇ ਕੰਪਨੀ ਦੀਆਂ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸ਼ਕਤੀਆਂ 20 ਸਾਲ ਲਈ ਫਿਰ ਕੰਪਨੀ ਨੂੰ ਪ੍ਰਦਾਨ ਕਰ ਦਿੱਤੀਆਂ।
4. ਬੰਗਾਲ ਦੇ ਗਵਰਨਰ ਜਨਰਲ ਨੂੰ ਭਾਰਤ ਦਾ ਗਵਰਨਰ ਜਨਰਲ ਘੋਸ਼ਿਤ ਕਰ ਦਿੱਤਾ ਗਿਆ ਅਤੇ ਇਸ ਦੇ ਨਾਲ ਹੀ ਉਸ ਦੀਆਂ ਸ਼ਕਤੀਆਂ ਵਿਚ ਵਾਧਾ ਕਰ ਦਿੱਤਾ ਗਿਆ।
5. ਪ੍ਰੈਜ਼ੀਡੈਂਸੀ ਸਰਕਾਰ ਦੇ ਸੰਬੰਧ ਗਵਰਨਰ ਜਨਰਲ ਦੀਆਂ ਹਿਦਾਇਤਾਂ ਦੀ ਪਾਲਣਾ ਕਰਨਗੇ ਅਤੇ ਖਰਚਾ ਕਰਨ ਤੇ ਆਰਥਿਕ ਮਾਮਲਾਂ ਨੂੰ ਸੁਲਝਾਉਣ ਲਈ ਉਹ ਗਵਰਨਰ ਜਨਰਲ ਦੇ ਅਧੀਨ ਕੰਮ ਕਰਨਗੇ। ਇਸ ਤਰ੍ਹਾਂ ਪ੍ਰਸ਼ਾਸਨਿਕ ਦ੍ਰਿਸ਼ਟੀਕੋਣ ਤੋਂ ਸਾਰੇ ਭਾਰਤ ਦਾ ਏਕੀਕਰਨ ਕਰ ਦਿੱਤਾ ਗਿਆ।
6. ਗਵਰਨਰ ਜਨਰਲ ਦਾ ਉਹਦਾ ਸਭ ਤੋਂ ਸ਼ਕਤੀਸ਼ਾਲੀ ਬਣਾ ਦਿੱਤਾ ਗਿਆ।
7. ਗਵਰਨਰ ਜਨਰਲ ਦੀ ਕੌਂਸਲ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਕਿ ਉਹ ਪ੍ਰੈਜ਼ੀਡੈਂਸੀ ਸਰਕਾਰ ਵੱਲੋਂ ਗਵਰਨਰ ਦੀ ਕੌਂਸਲ ਦੀਆਂ ਹਿਦਾਇਤਾਂ ਨੂੰ ਅਮਲ ਨਾ ਕਰਨ ਦੀ ਹਾਲਤ ਵਿਚ ਸਾਰੀ ਪ੍ਰੈਜ਼ੀਡੈਂਸੀ ਸਰਕਾਰ ਨੂੰ ਖਤਮ ਕਰਕੇ ਉਸਦਾ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਸਕਦੀ ਸੀ।
8. ਗਵਰਨਰ ਜਨਰਲ ਦੀ ਕੌਂਸਲ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਮਿਲ ਗਿਆ ਸੀ ਇਸ ਕਰਕੇ ਇਹ ਕਾਨੂੰਨੀ ਸੰਬੰਧ ਗਵਰਨਰ

Scanned with CamScanner

ਜਨਰਲ ਦੀ ਕੌਂਸਲ ਵਿਚ ਰਖਣਾ ਜ਼ਰੂਰੀ ਸਮਝਿਆ ਗਿਆ।
ਤੇ ਇਕ ਵਿਸ਼ੇਸ਼ ਮੈਂਬਰ ਦੀ ਹੈਸੀਅਤ ਵਿਚ ਕੌਂਸਲ ਦੀਆਂ
9. ਬੈਠਕਾਂ ਵਿਚ ਸ਼ਾਮਲ ਹੋਣਾ ਸੀ ਜਦੋਂ ਬੈਠਕ ਕਾਨੂੰਨ ਬਣਾਉਣ
ਲਈ ਇਕੱਠੀ ਹੋਈ ਸੀ।
ਇਸ ਮੈਂਬਰ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਨਹੀਂ ਸੀ।
10. ਕਾਰਜਕਾਰਨੀ ਤਿੰਨ ਆਮ ਮੈਂਬਰਾਂ ਦੀ ਸੀ ਜਿਸ ਵਿਚ ਕਾਨੂੰਨ
11. ਮੈਂਬਰਾਂ ਤੋਂ ਇਲਾਵਾ ਸੈਨਾਪਤੀ ਨੂੰ ਵਿਸ਼ੇਸ਼ ਮੈਂਬਰ ਦੇ ਆਧਾਰ ਤੇ
ਨਿਯੁਕਤ ਕੀਤਾ ਜਾ ਸਕਦਾ ਸੀ।
12. 1833 ਦੇ ਚਾਰਟਰ ਐਕਟ ਨੇ ਇਸ ਵਿਚ ਇਕ ਛੋਟਾ ਜਿਹਾ ਪਰਿਵਰ-ਤਨ ਲਿਆਂਦਾ। ਹੁਣ ਗਵਰਨਰ ਜਨਰਲ ਅਤੇ ਹਰ ਗਵਰਨਰ ਨੂੰ ਵੀਟੋ ਦੀ ਸ਼ਕਤੀ ਦੇ ਪ੍ਰਯੋਗ ਕਰਨ ਵੇਲੇ ਉਸਦੇ ਕਾਰਣਾਂ ਦਾ ਲਿਖਤੀ ਰੂਪ ਵਿਚ ਵੇਰਵਾ ਦੇਣਾ ਜ਼ਰੂਰੀ ਕਰ ਦਿੱਤਾ ਗਿਆ।
13. ਇਹ ਫੈਸਲਾ ਕੀਤਾ ਗਿਆ ਕਿ ਇਕ ਲਾ ਕਮਿਸ਼ਨ ਸਥਾਪਿਤ ਕੀਤਾ ਜਾਵੇ ਜੋ ਭਾਰਤੀ ਨਿਆਂਪਾਲਿਕਾ, ਕਾਨੂੰਨ ਅਤੇ ਪੁਲਿਸ ਬਾਰੇ ਸੁਝਾਅ ਪੇਸ਼ ਕਰੇ।

ਉਪਰ ਦਿੱਤੀਆਂ ਪ੍ਰਮੁੱਖ ਧਾਰਾਵਾਂ ਤੋਂ ਇਲਾਵਾ ਕਈ ਛੋਟੇ ਛੋਟੇ ਪਰ ਮਹੱਤਵਪੂਰਨ ਪਰਿਵਰਤਨ ਵੀ ਕੀਤੇ ਗਏ। ਖ਼ਾਸ ਕਰਕੇ ਭਾਰਤੀਆਂ ਦੇ ਵਿਰੁੱਧ ਨੌਕਰੀਆਂ ਦੇਣ ਸੰਬੰਧੀ ਵਿਤਕਰਾ ਖਤਮ ਕਰ ਦਿੱਤਾ ਗਿਆ ਅਤੇ ਸਪਸ਼ਟ ਸ਼ਬਦਾਂ ਵਿਚ ਕਿਹਾ ਗਿਆ ਕਿ ਕੋਈ ਵੀ ਭਾਰਤੀ ਧਰਮ, ਨਸਲ ਤੇ ਪੈਦਾਇਸ਼ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਤੋਂ ਵਾਂਝਾ ਨਹੀਂ ਰਖਿਆ ਜਾਵੇਗਾ। ਜਿਥੇ ਤਕ ਸੈਨਿਕ ਪ੍ਰਬੰਧ ਦਾ ਸੰਬੰਧ ਹੈ ਬੰਬਈ ਅਤੇ ਮਦਰਾਸ ਸਰਕਾਰ ਨੂੰ ਅਲੱਗ-ਅਲੱਗ ਫੌਜਾਂ ਰਖਣ ਦਾ ਅਧਿਕਾਰ ਦੇ ਦਿੱਤਾ ਗਿਆ ਸੀ। 1833 ਦੇ ਚਾਰਟਰ ਐਕਟ ਰਾਹੀਂ ਇਹ ਵੀ ਫੈਸਲਾ ਲਿਆ ਗਿਆ ਕਿ ਬੰਗਾਲ ਪ੍ਰੈਜ਼ੀਡੈਂਸੀ ਵੱਡੀ ਹੋਣ ਕਰਕੇ ਇਸਦੇ ਦੋ ਹਿੱਸੇ ਕਰ ਦਿੱਤੇ ਜਾਣ - ਬੰਗਾਲ ਅਤੇ ਆਗਰਾ। ਇਸ ਐਕਟ ਰਾਹੀਂ ਪ੍ਰੈਜ਼ੀਡੈਂਸੀ ਕੌਂਸਲਾਂ ਦੇ ਮੈਂਬਰਾਂ ਦੀ ਗਿਣਤੀ ਤਿੰਨ ਤੋਂ ਘਟਾ ਕੇ ਦੋ ਕਰ ਦਿੱਤੀ ਗਈ। ਸਿੱਖਿਆ ਸੰਬੰਧੀ ਫੰਡ ਨੂੰ 1 ਲੱਖ ਤੋਂ ਵਧਾ ਕੇ 10 ਲੱਖ ਪੌਂਡ ਸਲਾਨਾ ਕਰ ਦਿੱਤਾ ਗਿਆ।

ਕੰਪਨੀ ਦੇ ਸਾਰੇ ਉਧਾਰ ਅਤੇ ਦੇਣਦਾਰੀ ਭਾਰਤੀ ਮਾਲੀਏ ਤੋਂ ਦੇਣ ਦਾ ਫੈਸਲਾ ਕੀਤਾ ਤੇ ਕੰਪਨੀ ਦੇ ਨੁਕਸਾਨ ਵਜੋਂ

ਕੰਪਨੀ ਨੂੰ ੨ ਕਰੋੜ ਪੌਂਡ ਹਰਜਾਨਾ ਦੇਣ ਦਾ ਫੈਸਲਾ ਕੀਤਾ ਗਿਆ। ਬੋਰਡ ਆਫ ਕੰਟਰੋਲ ਦੇ ਮੈਂਬਰਾਨ ਵਿਚ ਵੀ ਪਰਿਵਰਤਨ ਲਿਆਂਦੇ ਗਏ। ਇਸ ਦੇ ਪ੍ਰੈਜ਼ੀਡੈਂਟ ਨੂੰ ਭਾਰਤੀ ਮਾਮਲਿਆਂ ਦੇ ਮੰਤਰੀ ਦੀ ਪਦਵੀ ਦਿੱਤੀ ਗਈ ਅਤੇ ਇਸਦੀ ਸਹਾਇਤਾ ਲਈ ਇਕ ਸਕੱਤਰ ਅਤੇ ਸਹਾਇਕ ਕਮਿਸ਼ਨਰ ਨਿਯੁਕਤ ਕੀਤੇ ਗਏ। ਇਸ ਨਵੇਂ ਕਾਨੂੰਨ ਦੇ ਦੋ ਮਹੱਤਵਪੂਰਨ ਪੱਖ ਸਨ। ਇਕ ਤਾਂ ਇਸ ਪਰਿਵਰਤਨ ਨਾਲ ਬਾਅਦ ਵਿਚ ਬਣਾਏ ਗਏ ਸੈਕਟਰੀ ਆਫ ਸਟੇਟ ਫਾਰ ਇੰਡੀਆ ਦੀ ਪਦਵੀ ਦਾ ਇਤਿਹਾਸ ਬਣਿਆ ਗਿਆ ਅਤੇ ਦੂਸਰੇ ਕੋਰਟ ਆਫ ਡਾਇਰੈਕਟਰਜ਼ ਦੀਆਂ ਸ਼ਕਤੀਆਂ ਦਾ ਅੰਤ ਕਰ ਦਿੱਤਾ ਗਿਆ।

## ਆਲੋਚਨਾ

ਭਾਰਤ ਦੇ ਪ੍ਰਸ਼ਾਸਨਿਕ ਇਤਿਹਾਸ ਵਿਚ 1833 ਦਾ ਚਾਰਟਰ ਐਕਟ ਬਹੁਤ ਮਹੱਤਵਪੂਰਨ ਮੀਲ ਪੱਥਰ ਹੈ।

## ਗੁਣ

1. ਇਸ ਚਾਰਟਰ ਐਕਟ ਦਾ ਮੁੱਖ ਮੰਤਵ ਭਾਰਤੀ ਸਰਕਾਰ ਦਾ ਕੇਂਦਰੀਕਰਨ ਕਰਨਾ ਸੀ। ਇਸ ਕਰਕੇ ਗਵਰਨਰ ਜਨਰਲ ਅਤੇ ਉਸਦੀ ਕੌਂਸਲ ਨੂੰ ਵਧੇਰੇ ਅਧਿਕਾਰ ਦਿੱਤੇ ਗਏ ਅਤੇ ਸਾਰੇ ਸਿਵਲ, ਸੈਨਿਕ, ਆਰਥਿਕ ਤੇ ਕਾਨੂੰਨੀ ਅਧਿਕਾਰ ਕੇਂਦਰੀ ਸਰਕਾਰ ਨੂੰ ਦੇ ਦਿੱਤੇ ਗਏ। ਇਸਦੇ ਨਾਲ ਕੇਵਲ ਕੇਂਦਰੀ ਸਰਕਾਰ ਦਾ ਸੰਗਠਨ ਹੀ ਨਹੀਂ ਸੀ ਹੋਇਆ ਸਗੋਂ ਪ੍ਰੈਜ਼ੀਡੈਂਸੀ ਸਰਕਾਰਾਂ ਦਾ ਦਰਜਾ ਨੀਵਾਂ ਕਰਕੇ ਕੇਂਦਰੀ ਸਰਕਾਰ ਦੇ ਅਧੀਨ ਹੀ ਕਰ ਦਿੱਤਾ ਗਿਆ।
2. ਉਪਯੋਗਿਤਾਵਾਦ ਦੇ ਪ੍ਰਭਾਵ ਵਜੋਂ ਇਸ ਸਮੇਂ ਕਾਨੂੰਨ ਰਾਹੀਂ ਸਰਕਾਰ ਲੋਕਭਲਾਈ ਦਾ ਸਿੱਧਾਂਤ ਪੂਰੀ ਤਰ੍ਹਾਂ ਮੰਨਿਆ ਗਿਆ। ਕੰਪਨੀ ਦੇ ਹੇਠ ਸ਼ਾਸਨ ਨੂੰ ਲੋਕੀ ਤਾਂ ਲੋਕਭਲਾਈ ਵਾਲੀ ਬਣੇ ਕਾਨੂੰਨਾਂ ਦੀ ਲੋੜ ਮਹਿਸੂਸ ਹੋਈ। ਭਾਵੇਂ ਅਜੇ ਵੀ ਵਿਧਾਨ ਮੰਡਲ ਅਤੇ ਕਾਰਜਕਾਰਨੀ ਵਿਚਕਾਰ ਕੋਈ ਅੰਤਰ ਨਹੀਂ ਸੀ ਲਿਆਇਆ ਗਿਆ ਫਿਰ ਵੀ ਕਾਨੂੰਨੀ ਮੈਂਬਰ ਨੂੰ ਨਿਯੁਕਤ ਕਰਕੇ ਕਾਰਜਕਾਰਨੀ ਨੂੰ ਇਕ ਵਿਧਾਨਕ ਰੂਪ ਦਿੱਤਾ ਗਿਆ।

Scanned with CamScanner

3. ਇਸਦਾ ਵੱਡਾ ਲਾਭ ਇਹ ਸੀ ਕਿ ਕਾਨੂੰਨ ਬਣਾਉਣ ਲਈ ਵਿਸ਼ੇਸ਼ਗ ਦੀ ਸੇਵਾ ਹਰ ਵੇਲੇ ਸਰਕਾਰ ਨੂੰ ਪ੍ਰਾਪਤ ਹੋ ਗਈ। ਇਸਦੇ ਨਾਲ ਹੀ ਇਕ ਅਜਿਹੀ ਸੰਸਥਾ ਦੀ ਸਥਾਪਨਾ ਹੋਈ ਜਿਸ ਤੇ ਸਾਰੇ ਭਾਰਤ ਲਈ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਪੈ ਗਈ।

4. ਲੋਕ ਹਿਤ ਦੇ ਖੇਤਰ ਤੋਂ ਵੀ ਇਹ ਚਾਰਟਰ ਐਕਟ ਮਹੱਤਵਪੂਰਨ ਹੈ ਕਿਉਂਕਿ ਪਹਿਲੀ ਵਾਰ ਭਾਰਤੀਆਂ ਨੂੰ ਸਮਾਨਤਾ ਦਾ ਦਰਜਾ ਦਿੱਤਾ ਗਿਆ ਅਤੇ ਵਿਦੇਸ਼ੀ ਅਧਿਕਾਰੀਆਂ ਦੇ ਬਰਾਬਰ ਘੋਸ਼ਿਤ ਕੀਤਾ ਗਿਆ।

## ਕਮੀਆਂ

1. ਇਸ ਚਾਰਟਰ ਐਕਟ ਵਿਚ ਕਈ ਕਮਜ਼ੋਰੀਆਂ ਜਾਂ ਤਰੁੱਟੀਆਂ ਵੀ ਸਨ। ਸਭ ਤੋਂ ਵੱਡਾ ਨੁਕਸ ਇਹ ਸੀ ਕਿ ਕੇਂਦਰੀਕਰਨ ਵੱਲ ਜ਼ਿਆਦਾ ਹੀ ਮਹੱਤਵਪੂਰਨ ਰੂਪ ਅਖਤਿਆਰ ਕਰ ਗਿਆ। ਜਿਸ ਵਲੋਂ ਪ੍ਰੈਜ਼ੀਡੈਂਸੀ ਸਰਕਾਰਾਂ ਨਾਖੁਸ਼ ਹੋ ਗਈਆਂ।

2. ਸਾਮਰਾਜ ਦੇ ਵੱਖ-ਵੱਖ ਹਿੱਸੇ ਸਭਿਆਚਾਰ, ਭਾਸ਼ਾ ਅਤੇ ਹਾਲਾਤ ਦੇ ਆਧਾਰ ਤੇ ਆਪਣਾ ਵੱਖਰਾ ਰੂਪ ਰੱਖਦੇ ਸਨ, ਜਿਨ੍ਹਾਂ ਬਾਰੇ ਕਿਸੇ ਇਕ ਸੰਸਥਾ ਜਾਂ ਵਿਅਕਤੀ ਨੂੰ, ਜੋ ਕਿ ਉਨ੍ਹਾਂ ਤੋਂ ਦੂਰ ਸੀ, ਗਿਆਨ ਨਹੀਂ ਹੋ ਸਕਦਾ। ਇਸ ਕਰਕੇ ਹੋਰ ਕਾਨੂੰਨ ਬਣਾਉਣ ਵਾਲੀ ਕੌਂਸਲ ਵੀ ਆਕਾਰ ਵਿਚ ਬਹੁਤ ਛੋਟੀ ਸੀ।

3. ਪ੍ਰੈਜ਼ੀਡੈਂਸੀ ਸਰਕਾਰਾਂ ਨੂੰ ਇਸ ਦੇ ਵਿਚ ਕੋਈ ਨੁਮਾਇੰਦਗੀ ਨਹੀਂ ਦਿੱਤੀ ਗਈ। ਇਸ ਤੋਂ ਗਵਰਨਰ ਜਨਰਲ ਦੀ ਕੌਂਸਲ ਸਥਾਨਕ ਹਾਲਾਤ ਬਾਰੇ ਜਾਣੂ ਨਾ ਹੋ ਸਕੀ।

4. ਇਸ ਵੇਲੇ ਅੰਗਰੇਜ਼ਾਂ ਕੋਲ ਕੋਈ ਵੀ ਅਜਿਹਾ ਸਾਧਨ ਨਹੀਂ ਸੀ ਜਿਸ ਨਾਲ ਉਹ ਅੰਗਰੇਜ਼ੀ ਪ੍ਰਸ਼ਾਸਨ ਅਤੇ ਕਾਨੂੰਨ ਸੰਬੰਧੀ ਭਾਰਤੀਆਂ ਦੀ ਪ੍ਰਤਿਕਿਰਿਆ ਨੂੰ ਜਾਣ ਸਕਦੇ।

5. ਬੰਗਾਲ ਦੇ ਗਵਰਨਰ ਜਨਰਲ ਨੂੰ ਭਾਰਤ ਦਾ ਗਵਰਨਰ ਜਨਰਲ ਬਣਾ ਕੇ ਬੰਗਾਲ ਸਰਕਾਰ ਦਾ ਭਾਰਤ ਸਰਕਾਰ ਤੇ ਪ੍ਰਭਾਵ ਵਧਾ ਦਿੱਤਾ ਗਿਆ।

ਇਸ ਚਾਰਟਰ ਐਕਟ ਵਿਚ ਕੁਝ ਕਮੀਆਂ ਸਨ ਫਿਰ ਵੀ ਇਹ ਵੇਖਦੇ ਹੋਏ ਕਿ ਇਸ ਐਕਟ ਨਾਲ ਇਕ ਨਵੇਂ ਤਰੀਕੇ ਦੀ ਸਰਕਾਰ ਸਥਾਪਿਤ ਹੋਈ, ਇਕ ਵਿਧਾਨ ਮੰਡਲ ਬਣਨ ਦਾ ਬੀਜ ਬੋਇਆ ਗਿਆ।

Scanned with CamScanner